# ਸ਼ਮੂਲੀਅਤ ਭਰੀ ਸੇਵਾ



## City of Casey ਵਿੱਚ ਹਰ ਕਿਸੇ ਲਈ ਸ਼ਮੂਲੀਅਤ ਵਾਲਾ ਭਾਈਚਾਰਾ ਬਣਾਉਣਾ

### ਸ਼ਮੂਲੀਅਤ ਭਰੀ ਸੇਵਾ ਕੀ ਹੁੰਦੀ ਹੈ?

ਸ਼ਮੂਲੀਅਤ ਭਰੀ ਸੇਵਾ (Inclusive practice) ਉਨ੍ਹਾਂ ਕਾਰਵਾਈਆਂ ਅਤੇ ਤਰੀਕਿਆਂ ਨੂੰ ਕਿਹਾ ਜਾਂਦਾ ਹੈ, ਜਿਨ੍ਹਾਂ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਹਰ ਵਿਅਕਤੀ ਨੂੰ ਉਸਦੀ ਉਮਰ, ਲਿੰਗ-ਪਛਾਣ, ਧਰਮ, ਸੱਭਿਆਚਾਰ, ਪਿਛੋਕੜ ਜਾਂ ਸਮਰੱਥਾ ਦੀ ਪਰਵਾਹ ਕੀਤੇ ਬਿਨਾਂ, ਸਾਡੇ ਭਾਈਚਾਰੇ ਵਿੱਚ ਰਹਿੰਦੇ ਹੋਏ ਸੇਵਾਵਾਂ ਤੱਕ ਪਹੁੰਚ ਕਰਨ, ਹਿੱਸਾ ਲੈਣ ਅਤੇ ਯੋਗਦਾਨ ਪਾਉਣ ਦੇ ਬਰਾਬਰ ਮੌਕੇ ਮਿਲਣ। ਇਸ ਦਾ ਅਰਥ ਹੈ, ਰੁਕਾਵਟਾਂ ਨੂੰ ਪਹਿਲਾਂ ਤੋਂ ਪਛਾਣ ਕੇ ਦੂਰ ਕਰਨਾ ਅਤੇ ਵੱਖ-ਵੱਖ ਲੋੜਾਂ ਵਾਲੇ ਲੋਕਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਮਾਹੌਲ ਨੂੰ ਢਾਲਣਾ, ਤਾਂ ਜੋ ਸਾਡੇ ਭਾਈਚਾਰੇ ਵਿੱਚ ਰਹਿਣ ਵਾਲੇ ਹਰ ਵਿਅਕਤੀ ਲਈ ਭਾਗੀਦਾਰੀ ਸੰਭਵ ਬਣ ਸਕੇ।

### ਸਾਡੀ ਵਚਨਬੱਧਤਾ

City of Casey ਤਿਉਹਾਰਾਂ, ਖੇਡਾਂ ਅਤੇ ਮਨੋਰੰਜਨ, ਲਾਇਬ੍ਰੇਰੀਆਂ ਅਤੇ ਕਲਾਵਾਂ, ਪਰਿਵਾਰ ਅਤੇ ਬੱਚਿਆਂ ਦੀਆਂ ਸੇਵਾਵਾਂ ਸਮੇਤ ਕਈ ਹੋਰ ਖੇਤਰਾਂ ਵਿੱਚ ਸੇਵਾਵਾਂ, ਸਮਾਗਮਾਂ ਅਤੇ ਪ੍ਰੋਗਰਾਮਾਂ ਦੀ ਵਿਸ਼ਾਲ ਸ਼੍ਰੇਣੀ ਪ੍ਰਦਾਨ ਕਰਦਾ ਹੈ। City of Casey ਸਾਡੇ ਸਾਰੇ ਨਿਵਾਸੀਆਂ ਲਈ ਸੇਵਾਵਾਂ, ਸਥਾਨਾਂ ਅਤੇ ਮੌਕਿਆਂ ਤੱਕ ਬਰਾਬਰ ਪਹੁੰਚ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ, ਇਸ ਲਈ ਕੌਂਸਲ ਫ਼ੈਸਲਾ-ਲੈਣ ਦੀ ਪ੍ਰਕਿਰਿਆ ਵਿੱਚ ਵੱਖ-ਵੱਖ ਰਾਏ ਵਾਲੇ ਲੋਕਾਂ ਦੀ ਸਰਗਰਮ ਭਾਗੀਦਾਰੀ ਯਕੀਨੀ ਬਣਾਉਂਦੀ ਹੈ, ਸੱਭਿਆਚਾਰਕ ਜਾਗਰੂਕਤਾ ਨੂੰ ਸਮਰਥਨ ਦਿੰਦੀ ਹੈ, ਅਪਾਹਜਤਾ ਵਾਲੇ ਲੋਕਾਂ, ਨਿਊਰੋਡਾਇਵਰਸਿਟੀ, ਵੱਡੀ ਉਮਰ ਦੇ ਵਿਅਕਤੀਆਂ ਅਤੇ LGBTIQ+ ਭਾਈਚਾਰਿਆਂ ਨੂੰ ਸਹਾਇਤਾ ਪ੍ਰਦਾਨ ਕਰਦੀ ਹੈ, ਅਤੇ ਹਰ ਕਿਸੇ ਲਈ ਸੁਰੱਖਿਅਤ ਅਤੇ ਸਵਾਗਤੀ ਮਾਹੌਲ ਨੂੰ ਯਕੀਨੀ ਬਣਾਉਂਦੀ ਹੈ।

### ਸ਼ਮੂਲੀਅਤ ਭਰੀ ਸੇਵਾ (Inclusive Practice) ਦੇ ਅਮਲ ਵਿੱਚ ਹੋਣ ਵਾਲੇ ਮੁੱਖ ਸਿਧਾਂਤ ਕਿਹੜੇ ਹਨ?

- ***ਬਰਾਬਰ ਮੌਕੇ ਅਤੇ ਪਹੁੰਚ:*** ਇਹ ਯਕੀਨੀ ਬਣਾਉਣਾ ਕਿ ਹਰ ਵਿਅਕਤੀ ਭੇਦਭਾਵ ਅਤੇ ਹੋਰ ਸਮਾਜਿਕ ਅਤੇ ਭੌਤਿਕ ਰੁਕਾਵਟਾਂ ਨੂੰ ਦੂਰ ਕਰਕੇ ਪੂਰੀ ਤਰ੍ਹਾਂ ਹਿੱਸਾ ਲੈ ਸਕੇ।
- ***ਵਿਭਿੰਨਤਾ ਦੀ ਕਦਰ ਕਰਨਾ:*** ਇਹ ਮੰਨਣਾ ਕਿ ਫ਼ਰਕ ਹੋਣੇ ਸਕਾਰਾਤਮਕ ਹੁੰਦੇ ਹਨ ਅਤੇ ਸਾਡੇ ਭਾਈਚਾਰੇ ਦੀ ਅਮੀਰੀ ਅਤੇ ਵਿਭਿੰਨਤਾ ਵਿੱਚ ਯੋਗਦਾਨ ਪਾਉਂਦੇ ਹਨ।
- ***ਢਲਣ ਯੋਗਤਾ:*** ਲੋਕਾਂ ਨੂੰ ਮਾਹੌਲ ਨਾਲ ਢਲਣ ਲਈ ਮਜ਼ਬੂਰ ਕਰਨ ਦੀ ਬਜਾਏ, ਮਾਹੌਲ ਨੂੰ ਇਸ ਤਰ੍ਹਾਂ ਢਾਲਣਾ ਅਤੇ ਰੁਕਾਵਟਾਂ ਦੂਰ ਕਰਨਾ ਕਿ ਹਰ ਵਿਅਕਤੀ ਦੀਆਂ ਵਿਅਕਤੀਗਤ ਲੋੜਾਂ ਦਾ ਸਮਰਥਨ ਹੋ ਸਕੇ।
- ***ਭਾਈਵਾਲੀ ਅਤੇ ਸਹਿਯੋਗ:*** ਕੌਂਸਲ ਦੇ ਕਰਮਚਾਰੀਆਂ, ਭਾਈਚਾਰਕ ਨੇਤਾਵਾਂ ਅਤੇ ਪਰਿਵਾਰਾਂ ਨਾਲ ਮਿਲਜੁਲ ਕੇ ਕੰਮ ਕਰਨਾ, ਤਾਂ ਜੋ ਵੱਖ-ਵੱਖ ਲੋੜਾਂ 'ਤੇ ਵਿਚਾਰ ਕਰਕੇ ਹਰ ਵਿਅਕਤੀ ਲਈ ਸਭ ਤੋਂ ਵਧੀਆ ਨਤੀਜੇ ਹਾਸਲ ਕੀਤੇ ਜਾ ਸਕਣ।
- ***ਸੱਭਿਆਚਾਰਕ ਪ੍ਰਗਟਾਵੇ ਨੂੰ ਉਤਸ਼ਾਹਿਤ ਕਰਨਾ*** ਵਿਭਿੰਨ ਸੱਭਿਆਚਾਰਕ ਪ੍ਰਗਟਾਵੇ ਨੂੰ ਨਵੀਨਤਾ ਦੇ ਸਰੋਤ ਵਜੋਂ ਸਵੀਕਾਰ ਕਰਨਾ ਅਤੇ ਸਮਰਥਨ ਦੇਣਾ, ਕਿਉਂਕਿ ਇਹ ਨਵੀਂ ਸੋਚ ਅਤੇ ਅਮੀਰ ਭਾਈਚਾਰੇ ਦੀ ਸਿਰਜਣਾ ਵਿੱਚ ਯੋਗਦਾਨ ਪਾਉਂਦੇ ਹਨ।
- ***ਪਹੁੰਚਯੋਗ ਸੰਚਾਰ:*** ਸਾਰਿਆਂ ਨੂੰ ਸ਼ਾਮਲ ਕਰਨ ਲਈ ਮੀਟਿੰਗਾਂ ਲਈ ਪਹੁੰਚਯੋਗ ਸਥਾਨਾਂ ਅਤੇ ਸਮੇਂ ਦੀ ਵਰਤੋਂ ਕਰਦੇ ਹੋਏ, ਕਈ ਭਾਸ਼ਾਵਾਂ ਅਤੇ ਫਾਰਮੈਟਾਂ ਵਿੱਚ ਜਾਣਕਾਰੀ ਪ੍ਰਦਾਨ ਕਰਨਾ।
- ***ਟੀਚਾਗਤ ਪਹੁੰਚ:*** ਵੱਖ-ਵੱਖ ਭਾਈਚਾਰਕ ਸਮੂਹਾਂ ਨਾਲ ਸਰਗਰਮੀ ਨਾਲ ਸੰਪਰਕ ਕਰਨਾ ਅਤੇ ਭਾਈਵਾਲੀ ਕਰਨਾ, ਤਾਂ ਜੋ ਨਿਵਾਸੀਆਂ ਦੀਆਂ ਵਿਭਿੰਨ ਲੋੜਾਂ ਨੂੰ ਸਮਝਿਆ ਅਤੇ ਪੂਰਾ ਕੀਤਾ ਜਾ ਸਕੇ।

*ਸ਼ਮੂਲੀਅਤ ਭਰੇ ਭਾਈਚਾਰੇ ਵਧੇਰੇ ਸਿਹਤਮੰਦ ਹੁੰਦੇ ਹਨ, ਵਧੀਆ ਤਰ੍ਹਾਂ ਤਰੱਕੀ ਕਰਦੇ ਹਨ ਅਤੇ ਹਰ ਕਿਸੇ ਲਈ ਆਪਣੇਪਣ ਅਤੇ ਆਪਸੀ ਜੁੜਾਵ ਦੀ ਵਧੀਕ ਭਾਵਨਾ ਪੈਦਾ ਕਰਦੇ ਹਨ।*

## ਸ਼ਮੂਲੀਅਤ ਕਿਉਂ ਮਹੱਤਵਪੂਰਨ ਹੈ?

ਸ਼ਮੂਲੀਅਤ ਭਰੀ ਸੇਵਾ ਦੇ ਕੰਮ ਕਰਨ ਦੇ ਤਰੀਕੇ ਬਿਹਤਰ ਫ਼ੈਸਲੇ ਕਰਨ ਵਿੱਚ ਮਦਦ ਕਰਦੇ ਹਨ ਅਤੇ ਵੱਖ-ਵੱਖ ਪਿਛੋਕੜਾਂ ਤੋਂ ਆਉਣ ਵਾਲੇ ਸਾਡੇ ਨਿਵਾਸੀਆਂ ਲਈ ਵਧੇਰੇ ਵਿਆਪਕ ਅਤੇ ਪ੍ਰਭਾਵਸ਼ਾਲੀ ਨਤੀਜੇ ਹਾਸਲ ਕਰਨ ਵੱਲ ਲੈ ਕੇ ਜਾਂਦੇ ਹਨ। ਇਹ ਮਜ਼ਬੂਤ ਲੋਕਤੰਤਰ ਦੀ ਰਚਨਾ ਵੀ ਕਰਦੇ ਹਨ ਅਤੇ ਕੌਂਸਲ ਦੀ ਭਾਗੀਦਾਰੀ ਨੂੰ ਮਜ਼ਬੂਤ ਕਰਦੇ ਹਨ, ਨਿਵਾਸੀਆਂ ਅਤੇ ਕੌਂਸਲਾਂ ਦਰਮਿਆਨ ਭਰੋਸਾ ਪੈਦਾ ਕਰਦੇ ਹਨ ਅਤੇ ਸਮੁੱਚੀ ਭਲਾਈ ਵਿੱਚ ਸੁਧਾਰ ਲਿਆਉਂਦੇ ਹਨ: ਸ਼ਮੂਲੀਅਤ ਭਰੇ ਭਾਈਚਾਰੇ ਵਧੇਰੇ ਸਿਹਤਮੰਦ ਹੁੰਦੇ ਹਨ, ਵਧੀਆ ਤਰ੍ਹਾਂ ਤਰੱਕੀ ਕਰਦੇ ਹਨ ਅਤੇ ਹਰ ਕਿਸੇ ਲਈ ਆਪਣੇਪਣ ਅਤੇ ਸਮਾਜਿਕ ਤੌਰ 'ਤੇ ਜੁੜੇ ਹੋਣ ਦੀ ਵਧੇਰੇ ਭਾਵਨਾ ਪੈਦਾ ਕਰਦੇ ਹਨ।

## ਤਾਂ ਅਸੀਂ ਸਾਰੇ ਮਿਲ ਕੇ ਸ਼ਮੂਲੀਅਤ ਨੂੰ ਕਿਵੇਂ ਉਤਸ਼ਾਹਿਤ ਕਰ ਸਕਦੇ ਹਾਂ ਅਤੇ ਸ਼ਮੂਲੀਅਤ ਭਰੇ ਤਰੀਕਿਆਂ 'ਤੇ ਅਮਲ ਕਰ ਸਕਦੇ ਹਾਂ?



- ਸਭ ਤੋਂ ਪਹਿਲਾਂ ਆਪਣੇ ਖੁਦ ਦੇ ਪੱਖਪਾਤਾਂ ਅਤੇ ਧਾਰਣਾਵਾਂ ਬਾਰੇ ਸਚੇਤ ਹੋ ਕੇ, ਇਹ ਮੰਨਣਾ ਕਿ ਹਰ ਕਿਸੇ ਕੋਲ ਕੁੱਝ ਨ ਕੁੱਝ ਧਾਰਣਾਵਾਂ ਹੁੰਦੀਆਂ ਹਨ, ਅਤੇ ਦੂਜਿਆਂ ਦੇ ਤਜ਼ਰਬਿਆਂ, ਸੱਭਿਆਚਾਰਾਂ ਅਤੇ ਪਛਾਣਾਂ ਬਾਰੇ ਸਿੱਖਣ ਲਈ ਖੁੱਲ੍ਹੇ ਮਨ ਨਾਲ ਤਿਆਰ ਰਹਿਣਾ।
- ਸ਼ਮੂਲੀਅਤ ਭਰੀ ਭਾਸ਼ਾ ਅਤੇ ਅਜਿਹੇ ਸ਼ਬਦ ਦੀ ਵਰਤੋਂ ਕਰਕੇ ਜੋ ਹਰ ਵਿਅਕਤੀ ਦੇ ਪਿਛੋਕੜ, ਪਛਾਣ ਅਤੇ ਤਜ਼ਰਬਿਆਂ ਦਾ ਸਤਿਕਾਰ ਕਰਦੇ ਹੋਣ।
- ਸਵਾਗਤੀ ਸਥਾਨ ਬਣਾਕੇ, ਭਾਈਚਾਰਕ ਖੇਤਰਾਂ ਨੂੰ ਇਸ ਤਰ੍ਹਾਂ ਡਿਜ਼ਾਇਨ ਕਰਨਾ ਕਿ ਉਹ ਹਰ ਕਿਸੇ ਲਈ ਪਹੁੰਚਯੋਗ ਹੋਣ ਅਤੇ ਵਿਭਿੰਨਤਾ ਨੂੰ ਸਵੀਕਾਰ ਕਰਨ।
- ਸੱਭਿਆਚਾਰਕ ਅਤੇ ਮਾਣ ਸਮਾਗਮਾਂ ਅਤੇ ਹੋਰ ਭਾਈਚਾਰਕ ਜਸ਼ਨਾਂ ਰਾਹੀਂ ਵਿਭਿੰਨਤਾ ਦਾ ਜਸ਼ਨ ਮਨਾ ਕੇ।
- ਮਾਰਕੀਟਿੰਗ ਅਤੇ ਹੋਰ ਸਮੱਗਰੀਆਂ ਵਿੱਚ ਵੱਖ-ਵੱਖ ਘੱਟ ਗਿਣਤੀ ਸਮੂਹਾਂ ਦੀ ਦਿੱਖ ਨੂੰ ਉਤਸ਼ਾਹਿਤ ਕਰਕੇ।
- ਸਾਡੇ ਭਾਈਚਾਰੇ ਵਿੱਚ ਸਾਡੇ ਰੋਜ਼ਾਨਾ ਦੇ ਕੰਮਾਂ ਵਿੱਚ ਸਤਿਕਾਰ, ਸਮਰਥਨ ਅਤੇ ਸ਼ਮੂਲੀਅਤ ਦੀ ਉਦਾਹਰਨ ਅਤੇ ਰੋਲ ਮਾਡਲਿੰਗ ਕਰਕੇ ਅਗਵਾਈ ਕਰਨਾ।

## ਹੋਰ ਜਾਣਕਾਰੀ ਲਈ, ਹੇਠਾਂ ਦਿੱਤੇ ਲਿੰਕਾਂ 'ਤੇ ਕਲਿੱਕ ਕਰੋ;

https://www.inclusionaustralia.org.au/towards-inclusive-practice/how-to-use/

https://www.viac.com.au/resources/practice

https://www.vic.gov.au/disability-inclusion-education-in-practice